**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਪੰਜਾਬ ਰਾਜ।

ਮੀਮੋ ਨੰ: 12/09-2020 (ਏਮ(7))/ 202188751
ਮਿਤੀ: 12/03/21

**ਵਿਸ਼ਾ:-** **ਜਿਲ੍ਹਾ ਪ੍ਰਸਾਸ਼ਨ ਵੱਲੋਂ ਸਕੂਲਾਂ ਦੇ ਕਲਰਕਾਂ ਦੀਆਂ ਲਗਾਈਆਂ ਗਈਆਂ ਵੱਖ-ਵੱਖ ਡਿਊਟੀਆਂ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਬਹੁਤ ਸਾਰੇ ਸਕੂਲ ਮੁਖੀਆਂ ਵੱਲੋਂ ਮੁੱਖ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜਿਲ੍ਹਾ ਪ੍ਰਸਾਸ਼ਨ ਦੁਆਰਾ ਸਿੱਖਿਆ ਵਿਭਾਗ ਦੇ ਕੁਝ ਸਟਾਫ਼ ਦੀਆਂ ਡਿਊਟੀਆਂ ਵੱਖ-ਵੱਖ ਕੰਮਾਂ ਲਈ ਲਗਾਈਆਂ ਜਾਂਦੀਆਂ ਹਨ, ਇਨ੍ਹਾਂ ਡਿਊਟੀਆਂ ਲਈ ਬਹੁਤ ਸਾਰੇ ਕਲਰਕਾਂ ਦੇ ਨਾਮ ਭੇਜੇ ਜਾਂਦੇ ਹਨ, ਜਦੋਂ ਕਿ ਇਸ ਸਮੇਂ ਬੋਰਡ ਪ੍ਰੀਖਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਵਿੱਚ ਤਾਇਨਾਤ ਕਲਰਕਾਂ ਦੀ ਬਹੁਤ ਲੋੜ ਹੈ। ਉਪਰੋਕਤ ਦੇ ਮੱਦੇਨਜ਼ਰ ਬਹੁਤ ਸਾਰੇ ਸਕੂਲ ਮੁਖੀਆਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਵਿਸ਼ੇਸ਼ ਤੌਰ ਤੇ ਜਿਹੜੇ ਸਕੂਲਾਂ ਵਿੱਚ ਬੋਰਡ ਦੇ ਸੈਂਟਰ ਬਣੇ ਹੋਏ ਹਨ ਜਾਂ ਬਣਦੇ ਹਨ ਅਜਿਹੇ ਸਕੂਲਾਂ ਵਿੱਚ ਕਲਰਕ ਦਾ ਹੋਣਾ ਬਹੁਤ ਜਰੂਰੀ ਹੈ।

3.0 ਉਪਰੋਕਤ ਦੇ ਮੱਦੇਨਜ਼ਰ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਵਿੱਚ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜਿਨ੍ਹਾਂ ਸਕੂਲਾਂ ਵਿੱਚ ਬੋਰਡ ਦੇ ਸੈਂਟਰ ਬਣੇ ਹੋਏ ਹਨ ਜਾਂ ਬਣਦੇ ਹਨ, ਵਿੱਚੋਂ ਜੇਕਰ ਕਿਸੇ ਕਲਰਕ ਦੀ ਡਿਊਟੀ ਜਿਲ੍ਹਾ ਪ੍ਰਸਾਸ਼ਨ ਦੁਆਰਾ ਆਪਣੇ ਦਫ਼ਤਰ ਵਿੱਚ ਕੋਵਿਡ-19/ਚੋਣਾਂ/ਮਰਦਮਸ਼ੁਮਾਰੀ ਦੇ ਮੰਤਵ ਨਾਲ ਲਗਾਈ ਗਈ ਤਾਂ ਉਸਦਾ ਬਦਲਵਾਂ ਪ੍ਰਬੰਧ ਕਰਦੇ ਹੋਏ ਕਲਰਕ ਤੋਂ ਇਲਾਵਾ ਕਿਸੇ ਹੋਰ ਨਾਨ-ਟੀਚਿੰਗ ਸਟਾਫ ਨੂੰ ਤਾਇਨਾਤ ਕਰ ਦਿੱਤਾ ਜਾਵੇ। ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਨਿੱਜੀ ਪੱਧਰ ਤੇ ਮਿਲ ਕੇ ਉਪਰੋਕਤ ਅਨੁਸਾਰ ਕਲਰਕਾਂ ਨੂੰ ਰਲੀਵ ਕਰਵਾਇਆ ਜਾਵੇ। ਜੇਕਰ ਕਿਧਰੇ ਕੋਈ ਦਿੱਕਤ ਆਉਂਦੀ ਹੈ ਤਾਂ ਅਜਿਹੇ ਮਾਮਲੇ ਨੂੰ ਆਪਣੇ ਜਿਲ੍ਹੇ ਦੇ ਨੋਡਲ ਅਫ਼ਸਰ ਰਾਹੀਂ ਮੁੱਖ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਜਾਵੇ।

**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: 202188751

ਮਿਤੀ: 12/03/21

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ ਸਕੂਲ ਸਿੱਖਿਆ**